# ਪਰਮੇਸ਼ੁਰ ਖੁਸ਼ੀ ਨਾਲ ਦਾਨ ਦੇਣ ਵਾਲੇ ਨੂੰ ਪ੍ਰੇਮ ਕਰਦਾ ਹੈ

ਫਰੈਂਕਲਿਣ

## ਲੂਕਾ 7:36-50: ਫਰੀਸੀ ਤੇ ਪਾਪੀ

ਪੜੋ 36 - 38

### ਉੱਸ ਇੰਵੇ ਕਿਉਂ ਕੀਤਾ ?

- ਉੱਸ ਵਿਸ਼ਵਾਸ ਕੀਤਾ ਕੀ ਯਿਸੂ ਪਰਮੇਸ਼ੁਰ ਦਾ ਪੁਤ੍ਰ, ਮਸੀਹਾ ਹੈ ।
- ਉਹ ਜਾਣਦੀ ਸੀ ਕੀ ਉਹ ਇਕ ਪਾਪਣ ਹੈ ।
- ਉਹ ਜਾਣਦੀ ਸੀ ਕੀ ਉਹ ਇਸ ਲਾਇੱਕ ਹੈ ਜੋਵੀ ਉਹ **ਕਰ ਰਹੀ ਸੀ ਅਤੇ ਦੇ ਰਹੀ ਸੀ ।**
- ਉੱਸ ਦੀ ਕਾਇਲਤਾ ਅਤੇ ਵਿਸ਼ਵਾਸ ਨੇ ਉੱਸ ਨੂੰ ਕੰਮਾ ਦੀ ਸ਼ਕਤੀ ਦਿੱਤੀ ਬਿਨ੍ਹਾ ਪਰਵਾਹ ਕੀਤੇ ਕੀ ਲੋਕੀ ਕੀ ਕਹਿਣਗੇ ।

ਪੜੋ 39

### ਫਰੀਸੀ ਨੇ ਕਿ ਵਿਸ਼ਵਾਸ ਕੀਤਾ ?

- ਯਿਸੂ ਇੱਕ ਦਿੱਲਚਸਪ ਮਨੁੱਖ ਸੀ । ਇੱਕ ਅੱਛਾ ਗੁਰੂ ।
- ਉਹ ਔਰਤ ਪਾਪਣ ਹੈ ਤੇ ਉਹ ਆਪ ਨਹੀਂ ਹੈ ।
- ਯਿਸੂ ਆਤਮਕ ਤੋਰ ਤੇ ਟਯੂਣ ਨਹੀਂ ਹੈ ਤੇ ਇੱਹ ਪਕਾ ਹੈ ਕੀ ਉਹ ਨਬੀ ਨਹੀਂ ਹੈ

ਪੜੋ 40 - 43

- ਅਸੀਂ ਇੱਸ ਤੋਂ ਕੀ ਸਿਖਦੇ ਹਾਂ?
- ਜਿਨ੍ਹੀਂ ਮੈਨੂੰ ਪਹਿਚਾਨ ਹੁੰਦਿ ਹੈ ਕੀ ਮੈਨੂੰ ਕਿਨ੍ਹਾਂ ਮਾਫ ਕਿਤਾ ਗਿਆ ਹੈ ਉਨ੍ਹਾਂ ਹੀ ਮੇਰਾ ਪ੍ਰੇਮ ਯਿਸੂ ਲਈ ਵੱਧ ਹੋ ਜਾਵੇਗਾ ।

(44) ਫੇਰ ਉੱਸ ਤੀਵੀਂ ਦੀ ਵਲ ਮੂੰਹ ਫੇਰ ਕੇ ਸ਼ਮਊਨ ਨੂੰ ਕਿਹਾ, "ਤੂੰ ਇੱਸ ਤੀਵੀਂ ਨੂੰ ਵੇਖਦਾ ਹੈਂ ? ਮੈਂ ਤੇਰੇ ਘਰ ਆਇਆ, ਤੈਂ ਮੇਰੇ ਪੈਰਾਂ ਦੇ ਲਈ ਪਾਣੀ ਨਾ ਦਿੱਤਾ ਪਰ ਇੱਹ ਨੇ ਮੇਰੇ ਪੈਰ ਅੰਝੂਆਂ ਨਾਲ ਭੇਵੇਂ ਅਤੇ ਆਪਣੇ ਵਾਲਾਂ ਨਾਲ ਪੂੰਝੇ । (45) ਤੈਂ ਮੈਨੂੰ ਨਾ ਚੁੰਮਿਆ ਪਰ ਇੱਹ ਜਦੋਂ ਦਾ ਮੈਂ ਐਥੇ ਆਇਆ ਮੇਰੇ ਪੈਰ ਚੁੰਮਣ ਤੋਂ ਨਹੀਂ ਹਟੀ । (46) "ਤੈਂ ਮੇਰੇ ਸਿਰ ਤੇ ਤੇਲ ਨਾ ਮਲਿਆ ਪਰ ਇੱਸ ਨੇ ਮੇਰੇ ਪੈਰਾਂ ਨੂੰ ਅੱਤਰ ਮਲਿਆ ।

ਇੱਹ ਅੰਤਰ ਸਪਸ਼ਟ ਹੈ: (1) ਇੱਕ ਕਠੋਰ ਦਿਲ ਅਤੇ (2) ਬਹੁਤ ਜ਼ਿਆਦਾ ਪਿਆਰ ਦੀ ਅਰਾਧਨਾ ਅਤੇ ਦੇਣਾ ਖੁਦ ਨੂੰ, ਸਮਾਂ ਤੇ ਖਜ਼ਾਨਾ ।

(47) "ਇਸ ਕਾਰਨ ਮੈਂ ਤੈਨੂੰ ਆਖਦਾ ਹਾਂ ਕਿ ਇੱਹ ਦੇ ਪਾਪ ਜੋ ਬਹੁਤੇ ਹਨ ਸੋ ਮਾਫ ਕੀਤੇ ਗਏ ਕਿਉਂਕਿ ਇੱਸ ਨੇ ਪਿਆਰ ਬਹੁਤ ਕੀਤਾ, ਪਰ ਜਿਹ ਨੂੰ ਥੋੜਾ ਮਾਫ ਕੀਤਾ ਗਿਆ ਸੋ ਥੋੜਾ ਪਿਆਰ ਕਰਦਾ ਹੈ" । (48) ਫੇਰ ਉਨ ਉੱਸ ਤੀਵੀਂ ਨੂੰ ਆਖਿਆ, "ਤੇਰੇ ਪਾਪ ਮਾਫ ਕੀਤੇ ਗਏ" । (49) ਅਤੇ ਜਿਹੜੇ ਉਹ ਦੇ ਨਾਲ ਖਾਣ ਬੈਠੇ ਸਨ ਆਪਣੇ ਮਨ ਵਿੱਚ ਕਹਿਣ ਲਗੇ ਭਈ "ਇਹ ਕੌਣ ਹੈ ਜੋ ਪਾਪ ਭੀ ਮਾਫ ਕਰਦਾ ਹੈ" ? (50) ਅਤੇ ਉੱਸ ਨੇ ਉੱਸ ਤੀਵੀਂ ਨੂੰ ਆਖਿਆ, "ਤੇਰੀ ਨਿਹਚਾ ਨੇ ਤੈਨੂੰ ਬਚਾਇਆ ਹੈ, ਸ਼ਾਂਤੀ ਨਾਲ ਚਲੀ ਜਾਹ" ।

- ਉੱਸ ਵਿਸ਼ਵਾਸ ਕੀਤਾ ਕਿ ਯਿਸੂ ਪਰਮੇਸ਼ੁਰ ਦਾ ਪੁਤ੍ਰ ਹੈ ਤੇ ਉੱਸ ਕੋਲ ਪਾਪ ਮਾਫ ਕਰਣ ਦਾ ਅੱਧਿਕਾਰ ਹੈ
- ਵਿਸ਼ਵਾਸ ਅਤੇ ਕੰਮ ਨਾਲ ਨਾਲ ਚਲਦੇ ਹਣ – ਜਦੋਂ ਪਿਆਰ ਦੀ ਪ੍ਰੇਰਨਾ ਹੁੰਦੀ ਹੈ ।
  ਯਾਕੂਬ 2:20,26
- ਜਿਨ੍ਹੀਂ ਸਾਨੂੰ ਪਹਿਚਾਨ ਹੁੰਦਿ ਹੈ ਕੀ ਅਸੀਂ ਕਿਡੇ ਪਾਪੀ ਹਾਂ ਤਾਂ ਅਸੀਂ ਉਨ੍ਹੇ ਹੀ ਯਿਸੂ ਪ੍ਰਤੀ ਧੰਨਵਾਦੀ ਦੇ ਪ੍ਰੇਮੀ ਹੁੰਦੇ ਹਾਂ

ਵਿਵਾਦ ਤੇ ਸਬ ਤੋਂ ਜਰੂਰੀ ਤੇ ਮੁਡਲੀ ਗਲ ਹੈ ->

ਸਾਡਾ ਯਿਸੂ ਲਈ ਪ੍ਰੇਮ !

ਅਤੇ, ਸਾਡਾ ਯਿਸੂ ਲਈ ਪ੍ਰੇਮ > ਦਾ ਪਤਾ ਲਗਦਾ ਹੈ ਕੀ ਅਸੀਂ ਅਪਨੇ ਪਾਪਾਂ ਨੂੰ ਕਿਨ੍ਹਾਂ ਸਾਫ ਵੇਖਦੇ ਹਾਂ ਅਤੇ ਕਿਨ੍ਹਾਂ ਸਾਫ ਅਸੀਂ ਯਿਸੂ ਮਸੀਹ ਦੀ ਸਲੀਬ ਨੂੰ ਵੇਖਦੇ ਹਾਂ ਅਤੇ ਉੱਸ ਪਿਆਰ ਨੂੰ ਜਿਸ ਉੱਸ ਨੂੰ ਉੱਥੇ ਸਾਡੇ ਪਾਪਾਂ ਲਈ ਰਖਿਆ ।

ਸਾਡੇ ਯਿਸੂ ਲਈ ਪ੍ਰੇਮ ਦੀ ਮਾਤ੍ਰਾ ਫੈਸਲਾ ਕਰਦਾ ਹੈ:

1. **ਅਸੀਂ ਕਿੰਨ੍ਹੇ ਪਸ਼ਚਾਤਾਪੀ ਹਾਂ ।**
   (ਅਸੀਂ ਕਿੰਨ੍ਹੇ ਪਾਪਾਂ ਤੋਂ ਫਿਰ ਕੇ ਯਿਸੂ ਕੋਲ ਆਉਂਦੇ ਹਾਂ ਕੀ ਉਹ ਮਾਫ਼ ਕਰੇ)
2. **ਅਸੀਂ ਦੂਜਿਆਂ ਸਾਮਣੇ ਕਿੰਨ੍ਹੇ ਨਿਡਰ ਹਾਂ** (ਉਹ ਬਹੁਤ ਨਿਡਰ ਸੀ)
3. ਸਾਡੀ ਅਰਾਧਨਾ ਕਿੰਨ੍ਹੀਂ ਜ਼ਿਆਦਾ ਹੈ (ਉੱਸ ਦੀ ਅਰਾਧਨਾ ਬਹੁਤ ਵਧ ਕੇ ਸੀ)
4. **ਅਸੀਂ ਕਿੰਨਾ ਵਧ ਦਾਣ ਦੇਂਦੇ ਹਾਂ**

ਸਾਡੇ ਪਿਆਰ ਦੀ ਮਾਤ੍ਰਾ ਦਾ ਪਤਾ ਚਲਦਾ ਹੈ -> **ਸਾਡੇ ਦੇਨ ਵਿਚ**

ਤੁਸੀਂ ਇੱਕ ਸ਼ੁਕਰਗੁਜਾਰ ਪਾਪੀ ਨੂੰ ਪਛਾਣ ਸਕਦੇ ਹੋ ਜਿਸ ਤਰੀਕੇ ਨਾਲ ਉਹ ਦਿੰਦਾ ਹੈ ਅਰਾਧਨਾ ਤੇ ਪ੍ਰਸ਼ੰਸਾ ਵਿੱਚ।

ਸਾਡੇ ਪਿਆਰ ਦੀ ਮਾਤ੍ਰਾ / ਸਾਡੀ ਦੂਜੇ ਲਈ ਪ੍ਰਸ਼ੰਸਾ ਦਾ ਮਾਪ ਜਾਂ ਵੇਖਨਾਂ ਹੋ ਸਕਦਾ ਹੈ ਜੋ ਅਸੀਂ ਕਰਦੇ ਹਾਂ!

ਦੋਵੇਂ ਸਾਡੇ ਪ੍ਰਭੂ ਲਈ...... ਤੇ.......ਸਾਡੀ ਪਤਨੀ ਲਈ / ਪਤੀ

" ਪਰਮੇਸ਼ੁਰ ਨੇ ਜਗਤ ਨਾਲ ਅਜਿਹਾ **ਪ੍ਰੇਮ** ਕਿਤਾ ਕਿ ਉਸ ਨੇ ਅਪਣਾ ...... ਪੁਤ੍ਰ **ਦੇ ਦਿਤਾ**"

ਪ੍ਰੇਮ --> ਦਿੰਦਾ --> ਸਾਡੇ ਪ੍ਰੇਮ ਦੀ ਮਾਤ੍ਰਾ ਦਾ ਅਸੀਂ ਕਿਵੇਂ ਦਿੰਦੇ ਹਾਂ ਤੋਂ ਪਤਾ ਚਲਦਾ ਹੈ

ਸਾਡਾ ਆਪ > ਸਾਡਾ ਸਮਾਂ > ਸਾਡਾ ਖਜ਼ਾਨਾਂ

ਮਤਿ 6:21

ਕਿਉਂਕਿ ਜਿੱਥੇ **ਤੇਰਾ ਧਨ ਹੈ** ਉੱਥੇ **ਤੇਰਾ ਮਨ ਵੀ ਹੋਵੇਗਾ** ।

ਪ੍ਰਭੂ ਦਾ ਦਿੱਲ ਅਪਨੇ ਖਜ਼ਾਨੇ ਵਿਚ ਹੈ -> ਮਨੁੱਖ

ਉੱਸ ਦੇ ਖਜ਼ਾਨੇ ਦੇ ਮੁੱਲ ਦਾ ਖਰਿਦਣ ਦੀ ਕੀਮਤ ਦੇਣ ਤੋਂ ਪਤਾ ਲਗਦਾ ਹੈ

ਲੂਕਾ 19:10 "ਕਿੱਉਂ ਜੋ ਮਨੁੱਖ ਦਾ ਪੁਤ੍ਰ ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਲਈ ਆਇਆ ਹੈ" । ਮਨੁੱਖ !

ਲੂਕਾ 15:3-7

ਤਾਂ ਉੱਸ ਨੇ ਉਨ੍ਹਾਂ ਨੂੰ ਇਹ ਦ੍ਰਿਸ਼ਟਾਂਤ ਦੇ ਕੇ ਆਖਿਆ, " ਤੁਸਾਂ ਵਿੱਚੋਂ ਕਿਹੜਾ ਮਨੁੱਖ ਹੈ ਜਿਹ ਦੇ ਕੋਲ ਸੌ ਭੇਡਾਂ ਹੋਣ ਅਰ ਜੇ ਉਨ੍ਹਾਂ ਵਿੱਚੋਂ ਇੱਕ ਗੁਆਚ ਜਾਵੇ ਤਾਂ ਉਹ ਉਨ੍ਹਾਂ ਨੜਿੰਨਵਿਆਂ ਨੂੰ ਉਜਾੜ ਵਿੱਚ ਛਡ ਕੇ ਉੱਸ ਗੁਆਚੀ ਹੋਈ ਦੀ ਭਾਲ ਵਿੱਚ ਨਾ ਜਾਵੇ ਜਦ ਤਾਈਂ ਉਹ ਉੱਸ ਨੂੰ ਨਾ ਲੱਭੇ ? ਅਰ ਜਾਂ ਲੱਭ ਪਵੇ ਤਾਂ ਉਹ ਨੂੰ ਖੁਸ਼ੀ ਨਾਲ ਆਪਣਿਆਂ ਮੋਢਿਆਂ ਉੱਤੇ ਰਖ ਲੈਂਦਾ ਅਤੇ ਘਰ ਜਾ ਕੇ ਆਪਣੇ ਮਿਤ੍ਰਾਂ ਅਤੇ ਗੁਆਂਢੀਆਂ ਨੂੰ ਇਕਠੇ ਬੁਲਾਉਂਦਾ ਅਤੇ ਉਨ੍ਹਾਂ ਨੂੰ ਆਖਦਾ ਹੈ ਭਈ ਮੇਰੇ ਨਾਲ ਅਨੰਦ ਕਰੋ ਕਿੱਉਂ ਜੋ ਮੈਂ ਆਪਨੀ ਗੁਆਚੀ ਹੋਈ ਭੇਡ ਲੱਭੀ ਹੈ । ਮੈਂ ਤੁਹਾਨੂੰ ਆਖਦਾ ਹਾਂ ਜੋ ਇਸੇ ਤਰਾਂ ਸੁਰਗ ਵਿੱਚ ਇਕ ਤੋਬਾ ਕਰਨ ਵਾਲੇ ਪਾਪੀ ਦੇ ਕਾਰਨ ਨੜਿੰਨਵਿਆਂ ਧਰਮੀਆਂ ਨਾਲੋਂ ਜਿਨ੍ਹਾਂ ਨੂੰ ਤੋਬਾ ਕਰਨ ਦੀ ਲੋੜ ਨਹੀਂ ਬਹੁਤ ਖੁਸ਼ੀ ਹੋਵੇਗੀ ।

ਯਿਸੂ ਦਾ ਮਨ ਤਾਂ ਮਨੁੱਖ ਵਿਚ ਹੈ ਤੇ ਖਾਸ ਕਰਕੇ ਗੁਆਚੇ ਹੋਏ

- ਸੇਵਕਾਈ ਲਈ ਜਾਂ ਸੇਵਕਾਈ - ਵਿਚਾਰਧਾਰਾ ਰਖਣ ਵਾਲੇ ਕਲਿਸੀਆਵਾਂ ਨੂੰ ਦੇਨਾ ਪ੍ਰਭੂ ਨੂੰ ਭਾਉਂਦਾ ਹੈ ।

ਇਕ ਆਇਤ ਜਿਸ ਤੋਂ ਅਸੀਂ ਜਾਨੂੰ ਹਾਂ ਤੇ ਅਸੀਂ ਉੱਸ ਦਾ ਹਵਾਲਾ ਦੇਨਾਂ ਚਾਹਾਂਗੇ:

- ਫਿਲਿਪੀਆਂ 4: 19 ਅਤੇ ਮੇਰਾ ਪਰਮੇਸ਼ੁਰ ਤੇਜ ਵਿਚ ਆਪਣੇ ਧਨ ਦੇ ਅਨੁਸਾਰ ਤੁਹਾਡੀ ਹਰੇਕ ਥੁੜ ਨੂੰ ਮਸੀਹ ਯਿਸੂ ਵਿੱਚ ਸੰਪੂਰਨ ਕਰੇਗਾ ।

  ਯਿਸੂ ਕਿੱਉਂ ਸਬ ਜੋ ਸਾਨੂੰ ਲੋੜ ਹੈ ਸੰਪੂਰਨ ਕਰੇਗਾ?

ਇਹ ਹਵਾਲਾ ਉਨ੍ਹਾਂ ਦੇ ਬਾਰੇ ਹੈ ਜਿਨ੍ਹਾਂ ਨੇ ਪੌਲੁਸ ਦੀ ਸੇਵਕਾਈ ਲਈ ਦਾਨ ਦਿਤਾ ।ਪਰ ਜਿਨ੍ਹਾਂ ਨੇ ਨਹੀਂ ਦਿਤਾ ਉਹ ਅਪਨੀਆਂ ਸਬ ਜਰੂਤਾਂ ਦੇ ਉੱਸ ਦੇ ਤੇਜ ਦੇ ਧਨ ਅਨੁਸਾਰ ਸੰਪੂਰਨ ਕੀਤੇ ਜਾਨ ਦੀ ਉਮੀਦ ਨਹੀਂ ਰਖ ਸਕਦੇ ।

ਫਿਲਿੱਪੀਆਂ 4:15-19 (15) ਹੇ ਫਿਲਿੱਪੀਓ, ਤੁਸੀਂ ਆਪ ਵੀ ਜਾਣਦੇ ਹੋ ਭਈ ਜਾਂ ਮੈਂ ਖੁਸ਼ ਖਬਰੀ ਪਹਿਲਾਂ ਸੁਣਾਉਣ ਲੱਗਾ ਜਦ ਮੈਂ ਮਕਦੂਨਿਯਾ ਤੋਂ ਨਿੱਕਲ ਆਇਆ ਤਾਂ ਕਿਸੇ ਕਲੀਸਿਯਾ ਨੇ ਲੈਣ ਦੇਣ ਦੀ ਗੱਲ ਵਿੱਚ ਮੇਰਾ ਸਾਥ ਨਾ ਦਿੱਤਾ ਪਰ ਕੇਵਲ ਤੁਸਾਂ । (16) ਕਿਉਂ ਜੋ ਥਸੱਲੁਨੀਕੇ ਵਿੱਚ ਭੀ ਤੁਸਾਂ ਮੇਰੀ ਲੋੜ ਪੂਰੀ ਕਰਨ ਲਈ ਇਕੇਰਾਂ ਨਹੀਂ ਸਗੋਂ ਕਈ ਵੇਰਾਂ ਕੁਝ ਘੱਲ ਦਿੱਤਾ । (17) ਇਹ ਨਹੀਂ ਜੋ ਮੈਂ ਦਾਨ ਚਾਹੁੰਦਾ ਹਾਂ ਪਰ ਮੈਂ ਉਹ ਫਲ ਚਾਹੁੰਦਾ ਹਾਂ **ਜੋ ਤੁਹਾਡੇ ਲੇਖੇ ਵਿੱਚ ਵਧਦਾ ਜਾਂਦਾ ਹੈ** । (18) ਅਤੇ ਮੈਨੂੰ ਸੱਭੋ ਕੁਝ ਮਿਲ ਗਿਆ ਹੈ, ਸਗੋਂ ਵਾਧੂ ਹੈ । ਮੈਂ ਭਰਪੂਰ ਹਾਂ ਕਿਉਂ ਜੋ ਮੈਨੂੰ ਤੁਹਾਡੇ ਭੇਜੇ ਹੋਏ ਪਦਾਰਥ ਇਪਾਫਰੋਦੀਤਸ ਦੇ ਹੱਥੋਂ ਮਿਲੇ ਜੋ ਧੁਪ ਦੀ ਸੁਗੰਧ ਅਤੇ ਇਹੋ ਜਿਹਾ ਪਰਵਾਨ ਬਲੀਦਾਨ ਹੈ ਜੋ ਪਰਮੇਸ਼ੁਰ ਨੂੰ ਭਾਉਂਦਾ ਹੈ । (19) ਅਤੇ ਮੇਰਾ ਪਰਮੇਸ਼ੁਰ ਤੇਜ ਵਿੱਚ ਆਪਣੇ ਧਨ ਦੇ ਅਨੁਸਾਰ ਤੁਹਾਡੀ ਹਰੇਕ ਥੁੜ ਨੂੰ ਮਸੀਹ ਯਿਸੂ ਵਿੱਚ ਸੰਪੂਰਨ ਕਰੇਗਾ ।

## ਅਮੀਰ ਨੌਜਵਾਨ ਸ਼ਾਸਕ ਨੇ ਕਿਹਾ:

"ਇਨਾਂ ਸਬ ਹੁਕਮਾਂ ਦਾ ਮੈਂ ਜਵਾਨੀਂ ਤੋਂ ਪਾਲਨਾਂ ਕਰਦਾ ਆ ਰਿਹਾ ਹਾਂ" ।

ਮਰਕੁਸ 10:20

## ਉਹ ਪਾਲਨਾਂ ਕਰਦਾ ਸੀ > ਪਰ ਉੱਸ ਦਾ ਉਦੇਸ਼ ਕਿ ਸੀ?
## > ਉੱਸ ਨੂੰ ਕਿਸ ਨਾਲ ਪਿਆਰ ਸੀ?

ਯਿਸੂ ਨੇ ਉੱਸ ਨੂੰ ਕਿਹਾ : "ਤੇਰੇ ਵਿੱਚ ਇਕ ਗਲ ਦਾ ਘਾਟਾ ਹੈ । ਜਾਹ ਅਤੇ ਜੋ ਕੁਝ ਤੇਰਾ ਹੈ ਵੇਚ ਅਤੇ ਕੰਗਾਲਾਂ ਨੂੰ ਦੇ ਦਿਹ ਤਾਂ ਤੈਨੂੰ ਸੁਰਗ ਵਿੱਚ ਧਨ ਮਿਲੇਗਾ ਅਤੇ ਆ, ਅਰ ਮੇਰੇ ਪਿੱਛੇ ਹੋ ਤੁਰ" । ਪਰ ਉਹ ਏਸ ਗਲੋਂ ਭੈੜਾ ਪਿਆ ਅਤੇ ਉਦਾਸ ਹੋ ਕੇ ਚੱਲਿਆ ਗਿਆ ਕਿਉਂ ਜੋ ਉਹ ਵੱਡਾ ਮਾਲਦਾਰ ਸੀ । ਮਰਕੁਸ 10:21,22

- ਉਹ ਨੇ ਵਚਣ ਨਾਲ ਪਿਆਰ ਕੀਤਾ / ਉੱਸ ਆਗਿਆਪਾਲਣ ਕੀਤੀ . . . ਪਰ ਕਿਉਂ?
- ਇਹ ਉੱਸ ਦੇ ਦਿੱਲ ਦਾ ਮਾਮਲਾ ਸੀ > ਉੱਸ ਕਿਸ ਨਾਲ ਪਿਆਰ ਕੀਤਾ

1ਸਮੂਏਲ 16:7

ਪਰਮੇਸ਼ੁਰ ਮਨੁਖ ਵਾਂਗ ਨਹੀਂ ਵੇਖਦਾ, ਕਿਉਂ ਜੋ ਮਨੁਖ ਬਾਹਰੀ ਰੂਪ ਨੂੰ ਵੇਖਦਾ ਹੈ, ਪਰ **ਪ੍ਰਭੂ ਦਿਲ ਵਿਚ ਵੇਖਦਾ ਹੈ** ।

ਮਤਿ 6:19-21 ਆਪਣੇ ਲਈ ਧਰਤੀ ਉੱਤੇ ਧਨ ਨਾ ਜੋੜੋ ਜਿੱਥੇ ਕੀੜਾ ਅਤੇ ਜੰਗਾਲ ਵਿਗਾੜਦਾ ਹੈ ਅਰ ਜਿੱਥੇ ਚੋਰ ਸੰਨ੍ਹ ਮਾਰਦੇ ਅਤੇ ਚੁਰਾਉਂਦੇ ਹਨ ।ਪਰ ਸੁਰਗ ਵਿੱਚ ਆਪਣੇ ਲਈ ਧਨ ਜੜੋ ਜਿੱਥੇ ਨਾ ਕੀੜਾ ਨਾਜੰਗਾਲ ਵਿਗਾੜਦਾ ਹੈ ਅਰ ਜਿੱਥੇ ਚੋਰ ਨਾ ਸੰਨ੍ਹ ਮਾਰਦੇ ਨਾ ਚੁਰਾਉਂਦੇ ਹਨ ।ਕਿਉਂਕਿ ਜਿੱਥੇ **ਤੇਰਾ ਧਨ ਹੈ** ਉੱਥੇ **ਤੇਰਾ ਮਨ ਵੀ ਹੋਵੇਗਾ** ।

## ਪਰਮੇਸ਼ੁਰ ਨੂੰ **ਤੁਹਾਡੇ ਦਿੱਲ** ਨਾਲ ਵਾਸਤਾ ਹੈ . . .

- ਤੁਹਾਡੇ ਲਈ ਕੀਮਤੀ ਕੀ ਹੈ ।
- ਤੁਹਾਨੂੰ ਕਿਸ ਨਾਲ ਪਿਆਰ ਹੈ

ਇਹ ਸੱਬ ਇੱਸ ਬਾਰੇ ਹੈ > > **ਦਿੱਲ** > > ਤੁਸੀਂ ਕਿਸ ਨਾਲ **ਪ੍ਰੇਮ** ਕਰਦੇ ਹੋ > > >

ਸਚਿਆਈ ਇਹ ਹੈ:

ਜੋ ਕੁੱਝ ਅਸੀਂ ਕਰਦੇ ਹਾਂ **ਪ੍ਰੇਮ** ਉੱਸ ਦੇ ਕਰਣ ਦੀ **ਪ੍ਰੇਰਣਾ** ਹੋਣੀਂ ਚਾਹਿਦੀ ਹੈ ।

ਪ੍ਰਸ਼ਣ ਇਹ ਹੈ:

- ਤੁਸੀਂ ਕਿਸ ਨਾਲ ਪਿਆਰ ਕਰਦੇ ਹੋ?
- ਤੁਹਾਡਾ ਖਜ਼ਾਨਾ ਕੀ ਹੈ? . . . ਕਿਉਂ ਜੋ ਉਥੇ ਤੁਹਾਡਾ ਮਨ ਹੈ ।

"ਪਰਮੇਸ਼ੁਰ ਨੇ ਜਗਤ ਨਾਲ ਅਜਿਹਾ ਪਿਆਰ ਕੀਤਾ ਜੋ ਉਹ ਨੇ ਦੇ ਦਿੱਤਾ . . . ਪੁਤ੍ਰ"

ਲੂਕਾ 6:38 "ਦਿਓ ਤਾਂ ਤੁਹਾਨੂੰ ਦਿੱਤਾ ਜਾਵੇਗਾ, ਪੂਰਾ ਮੇਪ ਦੱਬ ਕੇ ਹਿਲਾ ਹਿਲਾ ਕੇ ਅਤੇ ਡੁਲ੍ਹਦਾ ਹੋਇਆ ਤੁਹਾਡੇ ਪੱਲੇ ਪਾਉਣਗੇ ਕਿਉਂਕਿ ਜਿਸ ਮੇਪ ਨਾ ਤੁਸੀਂ ਮਿਣਦੇ ਹੋ ਉਸੇ ਨਾਲ ਤੁਹਾਡੇ ਲਈ ਮਿਣਿਆ ਜਾਵੇਗਾ" ।

- ❖ ਸਫਲਤਾ ਦੀ ਕੁੰਜੀ !

ਇਕ ਹੋਰ ਪਦ ਜੋ ਅਸੀਂ ਪਸੰਦ ਕਰਦੇ ਹਾਂ ਉਹ ਹੈ : 2 ਕੁਰਿੰਥੀਆਂ 9:8

"ਅਤੇ ਪਰਮੇਸ਼ੁਰ ਤੁਹਾਡੇ ਉੱਤੇ ਸਾਰੀ ਕਿਰਪਾ ਬਹੁਤੀ ਕਰ ਸਕਦਾ ਹੈ ਭਈ ਹਰ ਪਰਕਾਰ ਨਾਲ ਸਦਾ ਸੱਭ ਕੁੱਝ ਤੁਹਾਡੇ ਕੋਲ ਹੋਵੇ ਕਿ ਹਰ ਸ਼ੁਭ ਕਰਮ ਲਈ ਤੁਹਾਡੇ ਕੋਲ ਵਾਫਰ ਭੀ ਹੋਵੇ" ।

ਇਹ ਪਦ 7 ਪਦ ਦੇ ਮਗਰੋਂ ਹੈ: *"ਪਰਮੇਸ਼ੁਰ ਖੁਸ਼ੀ ਨਾਲ ਦੇਨ ਵਾਲੇ ਨਾਲ ਪਿਆਰ ਕਰਦਾ ਹੈ" ।*

- ❖ ਇਹ ਪਰਮੇਸ਼ੁਰ ਦੀ ਪ੍ਰਤੀਕ੍ਰਿਆ ਹੈ ਉਨ੍ਹਾਂ ਲਈ ਜੋ ਖੁਸ਼ੀ ਨਾਲ ਦਿੰਦੇ ਹਨ ।

ਇਹ ਉਨ੍ਹਾਂ ਲਈ ਕਿਹਾ ਗਿਆ ਹੈ ਜੋ ਸੇਵਕਾਈ ਦੇ ਕੰਮ ਦੀ ਸਹਾਇਤਾ ਲਈ ਦਿੰਦੇ ਹਣ:

ਪਦ 1-15

ਉਪਰੰਤ ਉੱਸ **ਦਾਨ ਸੇਵਾ** ਦੇ ਵਿੱਖੇ ਜਿਹੜੀ **ਯਰੂਸ਼ਲਮ ਦੇ ਸੰਤਾਂ ਲਈ ਹੈ** ਤੁਹਾਡੀ ਵੱਲ ਮੇਰੇ ਲਿਖਣ ਦੀ ਕੋਈ ਲੋੜ ਨਹੀਂ ।(2) ਕਿਉਂ ਜੋ ਮੈਂ ਤੁਹਾਡੀ ਤਿਆਰੀ ਨੂੰ ਜਾਣਦਾ ਹਾਂ ਜਿਹ ਦੇ ਲਈ ਮੈਂ ਮਕਦੂਨਿਯਾ ਦੇ ਵਾਸੀਆਂ ਅਗੇ ਤੁਹਾਡੇ ਵਿੱਖੇ ਅਭਮਾਨ ਕਰਦਾ ਹਾਂ ਭਈ ਅਖਾਯਾ ਦੇ ਲੋਕ ਪਰੂੰ ਤੋਂ **ਤਿਆਰ ਹੋ** ਰਹੇ ਹਨ ਅਤੇ ਤੁਹਾਡੇ ਡਾਢੇ ਉਦਮ ਨੇ ਬਹੁਤਿਆਂ ਨੂੰ ਉੱਕਸਾਇਆ । (3) ਮੈਂ ਭਰਾਵਾਂ ਨੂੰ ਘੱਲਿਆ ਮਤੇ ਸਾਡਾ ਅਭਮਾਨ ਜਿਹੜਾ ਅਸੀਂ ਤੁਹਾਡੇ ਵਿੱਖੇ ਕਰਦੇ ਸਾਂ ਇੱਸ ਗਲ ਵਿੱਚ ਅਕਾਰਥ ਹੋ ਜਾਏ ਭਈ ਜਿਵੇਂ ਮੈਂ ਆਖਿਆ ਸੀ ਤੁਸੀਂ **ਤਿਆਰ ਰਹੋ** । (4) ਕਿਤੇ ਐਉਂ ਨਾ ਹੋਵੇ ਕਿ ਜੇ ਮਕਦੂਨਿਯਾ ਦੇ ਵਾਸੀ ਮੇਰੇ ਨਾਲ ਆ ਜਾਣ ਅਤੇ ਤੁਹਾਨੂੰ ਤਿਆਰ ਨਾ ਵੇਖਣ ਤਾਂ ਅਸੀਂ ਇਹ ਨਹੀਂ ਕਹਿੰਦੇ ਕਿ ਤੁਸੀਂ ਸਗੋਂ ਅਸੀਂ ਉੱਸ ਪਕੇ ਭਰੋਸੇ ਤੋਂ ਲਜਿਆਵਾਨ ਹੋਈਏ । (5) ਇੱਸ ਕਾਰਨ ਮੈਂ ਭਰਾਵਾਂ ਦੇ ਅਗੇ ਇਹ ਬੇਨਤੀ ਕਰਨੀ ਉੱਚਿਤ ਸਮਝੀ ਜੋ ਓਹ ਪਹਿਲਾਂ ਤੁਹਾਡੇ ਕੋਲ ਜਾਣ ਅਤੇ ਤੁਹਾਡੇ ਉੱਸ ਦਾਨ ਨੂੰ ਜਿਹ ਦਾ ਅਗੋਂ ਹੀ ਤੁਸਾਂ ਬਚਨ ਦਿੱਤਾ ਹੋਇਆ ਹੈ ਅਗੇਤਾ ਹੀ ਤਿਆਰ ਕਰ ਰਖਣਾ ਭਈ ਉਹ **ਖੁਲ੍ਹ ਦਿਲੀ ਦੇ ਦਾਨ ਵਰਗਾ ਤਿਆਰ ਰਹੇ ਨਾ ਬਧੋਗੀਰੀ ਦੇ ਦਾਨ ਵਰਗਾ** ।

(6) ਪਰ ਗੱਲ ਇਹ ਹੈ ਭਈ ਜਿਹੜਾ ਘਟ ਬੀਜਦਾ ਹੈ ਉਹ ਘਟ ਵਢੇਗਾ ਅਤੇ ਜਿਹੜਾ ਖੁਲ੍ਹੇ ਦਿੱਲ ਬੀਜਦਾ ਹੈ ਉਹ ਖੁਲ੍ਹੇ ਦਿੱਲ ਵਢੇਗਾ । (7) **ਹਰੇਕ ਜਿਵੇਂ ਉਹ ਨੇ ਦਿੱਲ ਵਿਚ ਧਾਰਿਆ ਹੈ ਤਿਵੇਂ ਕਰੇ**, ਰੰਜ ਨਾਲ ਅਥਵਾ ਲਚਾਰੀ ਨਾਲ ਨਹੀਂ **ਕਿਉਂ ਜੋ ਪਰਮੇਸ਼ੁਰ ਖੁਸ਼ੀ ਨਾਲ ਦੇਣ ਵਾਲੇ ਨੂੰ ਪਿਆਰ ਕਰਦਾ ਹੈ** । (8) ਅਤੇ **ਪਰਮੇਸ਼ੁਰ ਤੁਹਾਡੇ ਉੱਤੇ ਸਾਰੀ ਕਿਰਪਾ ਬਹੁਤੀ ਕਰ ਸਕਦਾ ਹੈ ਭਈ ਹਰ ਪਰਕਾਰ ਨਾਲ ਸਦਾ ਸਭ ਕੁੱਝ ਤੁਹਾਡੇ ਕੋਲ ਹੋਵੇ** ਕਿ ਹਰ ਸ਼ੁਭ ਕਰਮ ਲਈ ਤੁਹਾਡੇ ਕੋਲ ਵਾਫਰ ਭੀ ਹੋਵੇ । (9) ਜਿਵੇਂ ਲਿਖਿਆ ਹੋਇਆ ਹੈ -ਉਹ ਨੇ ਖਿੰਡਾਇਆ, ਕੰਗਾਲਾਂ ਨੂੰ ਦਿੱਤਾ,ਉਹ ਦਾ ਧਰਮ ਸਦਾ ਤੀਕ ਬਣਿਆ ਰਹਿੰਦਾ ਹੈ ।(10) ਅਤੇ ਜਿਹੜਾ ਬੀਜਣ ਵਾਲੇ ਨੂੰ ਬੀ ਅਰ ਖਾਣ ਲਈ ਰੋਟੀ ਦਿੰਦਾ ਹੈ ਉਹ ਤੁਹਾਨੂੰ ਬੀਜਣ ਲਈ ਬੀ ਦੇਵੇਗਾ ਅਤੇ ਉਹ ਦਾ ਵਾਧਾ ਕਰੇਗਾ ਅਤੇ ਤੁਹਾਡੇ ਧਰਮ ਦੇ ਫਲ ਨੂੰ ਵਧਾਵੇਗਾ । (11) ਜੋ ਤੁਸੀਂ ਸਭਨਾਂ ਗਲਾਂ ਵਿੱਚ ਹਰ ਪਰਕਾਰ ਦੀ ਸੱਖਾਵਤ ਲਈ **ਧਨੀ ਹੋ ਜਾਓ** ਜਿਹੜੀ ਸਾਡੇ ਰਾਹੀਂ ਪਰਮੇਸ਼ੁਰ ਦੇ ਧੰਨਵਾਦ ਲਈ ਗੁਣਕਾਰੀ ਹੈ । (12) ਕਿਉਂ ਜੋ ਇੱਸ ਸੇਵਕਾਈ ਦਾ ਪੁੰਨ ਨਾ ਕੇਵਲ ਸੰਤਾਂ ਦੀਆਂ ਥੁੜਾਂ ਨੂੰ ਪੂਰਿਆਂ ਕਰਦਾ ਸਗੋਂ ਪਰਮੇਸ਼ੁਰ ਦਿਆਂ ਬਹੁਤਿਆਂ ਧੰਨਵਾਦਾਂ ਦੇ ਰਾਹੀ ਵਧਦਾ ਭੀ ਜਾਂਦਾ ਹੈ । (13) ਕਿਉਂ ਜੋ **ਤੁਹਾਡੀ ਇੱਸ ਸੇਵਕਾਈ ਦਾ ਪਰਮਾਣ ਪਾ ਕੇ** ਉਹ ਇੱਸ ਲਈ ਪਰਮੇਸ਼ੁਰ ਦੀ ਵੱਡਿਆਈ ਕਰਦੇ ਹਨ ਭਈ ਤੁਸੀਂ ਮਸੀਹ ਦੀ ਖੁਸ਼ ਖਬਰੀ ਦੇ ਕਰਾਰ ਵਿੱਚ ਅਧੀਨ ਹੋ ਅਤੇ ਉਨ੍ਹਾਂ ਲਈ ਸਗੋਂ ਸਭਨਾਂ ਲਈ ਦਾਨ ਸੱਖਾਵਤ ਨਾਲ ਦਿੰਦੇ ਹੋ । (14) ਅਤੇ ਓਹ ਆਪ ਤੁਹਾਡੇ ਲਈ ਬੇਨਤੀ ਕਰਦਿਆਂ **ਪਰਮੇਸ਼ੁਰ ਦੀ ਅਤ ਕਿਰਪਾ ਦੇ ਕਾਰਨ ਜਿਹੜੀ ਤੁਹਾਡੇ ਉੱਤੇ ਹੋਈ ਹੈ** ਤੁਹਾਨੂੰ ਬਹੁਤੇ ਲੋਚਦੇ ਹਨ । (15) ਧੰਨਵਾਦ ਹੈ ਪਰਮੇਸ਼ੁਰ ਦਾ ਉਹ ਦੇ ਉੱਸ ਦਾਨ ਲਈ ਜਿਹੜਾ ਕਹਿਣ ਤੋਂ ਬਾਹਰ ਹੈ ।

## ਉਦਾਹਰਣ: ਅਬਰਾਮ

ਉਤਪਤ 12:1-3 ਤਦ ਯਹੋਵਾਹ ਨੇ ਅਬਰਾਮ ਨੂੰ ਆਖਿਆ,

ਆਪਣੇ ਦੇਸ਼ ਤੋਂ ਚਲਿਆ ਜਾ, **(ਆਗਿਆਪਾਲਣ) . . . ਤੇ ਮੈਂ ਤੇਨੂੰ ਆਸ਼ਿਸ ਦੇਵਾਂਗਾ . . . ਅਤੇ ਤੂੰ ਆਸ਼ੀਸਾਂ ਦਾ ਵਸੀਲਾ ਹੋਵੇਗਾ ।**

> ਸਾਨੂੰ ਅਸ਼ੀਸ ਮਿਲੀ ਹੈ ਤਾਂ ਜੋ ਅਸੀਂ ਦੁਜਿਆਂ ਲਈ ਆਸ਼ੀਸ ਬਣੀਏ । ਜੇ ਅਸੀਂ ਆਸ਼ੀਸਾਂ ਦੁਜਿਆਂ ਨਾਲ ਨਾ ਵੰਡਿਏ ਫਿਰ ਅਸੀਂ ਉੱਸ ਦੀ ਆਸ਼ੀਸਾਂ ਦੇ ਅੱਛੇ ਭੰਡਾਰੀ ਨਹੀਂ ਅਤੇ ਉਹ ਘਟ ਜਾਣਗਿਆਂ ।

ਉਤਪਤ 22:12-18 ਇਸਹਾਕ ਦਾ ਭੇਂਟ

ਉਸ ਆਖਿਆ, "ਤੂੰ ਏਸ ਮੁੰਡੇ ਨੂੰ ਹਥ ਨਾ ਲਾ ਅਤੇ ਨਾ ਹੀ ਉਸ ਨਾਲ ਕੁਝ ਕਰ, ਹੁਣ ਮੈਂ ਜਾਣ ਗਿਆ ਹਾਂ ਕਿ ਤੂੰ ਪਰਮੇਸ਼ੁਰ ਤੋਂ ਭੈ ਖਾਂਦਾ ਹੈਂ ਕਿਉਂਜੋ ਤੈਂ ਆਪਣੇ ਪੁਤ੍ਰ, ਹਾਂ, ਆਪਣੇ ਇਕਲੌਤੇ **ਪੁਤ੍ਰ ਦਾ ਵੀ ਮੈਥੋਂ ਸਰਫਾ** ਨਹੀਂ ਕੀਤਾ" . . . ਤਾਂ ਅਬਰਾਹਮ ਨੇ ਉਸ ਥਾਂ ਦਾ ਨਾਉਂ **ਯਹੋਵਾਹ ਯਿਰਹ** ਰਖਿਆ । "ਮੈਂ ਆਪ ਆਪਣੀ ਸੌਂਹ ਖਾਧੀ ਹੈ ਯਹੋਵਾਹ ਦਾ ਵਾਕ ਹੈ ਕਿਉਂਜੋ ਤੈਂ ਇਹ ਕੰਮ ਕੀਤਾ ਅਤੇ ਆਪਣੇ ਪੁਤ੍ਰ ਸਗੋਂ ਆਪਣੇ **ਇਕਲੌਤੇ ਦਾ ਵੀ ਸਰਫਾ ਨਹੀਂ ਕੀਤਾ** । ਸੋ **ਮੈਂ ਤੈਨੂੰ ਬਰਕਤਾਂ ਤੇ ਬਰਕਤਾਂ ਦਿਆਂਗਾ**" ।

ਜਿਨ੍ਹਾਂ ਜਿਆਦਾ ਅਬਰਾਹਮ ਨੇ ਆਗਿਆ ਪਾਲਣ ਕਿਤੀ ਅਤੇ ਅਪਣਾ ਖਜ਼ਾਨਾ ਦਿਤਾ ->
ਉਨ੍ਹੀ ਹੀ ਜਿਆਦਾ ਪ੍ਰਭੂ ਦੀ ਆਸ਼ੀਸਾਂ ਵਧ ਗਇਆਂ!

- ❖ ਸਾਡੀ ਆਸ਼ੀਸਾਂ ਦੀ ਮਾਤ੍ਰਾ ਦਾ ਪਤਾ ਸਾਡੇ ਦੇਨ ਦੀ ਮਾਤ੍ਰਾ ਤੋ ਪਤਾ ਲਗਦਾ ਹੈ ।
- ❖ ਸਾਡੇ ਦੇਨ ਦੀ ਮਾਤ੍ਰਾ ਦਾ ਪਤਾ ਸਾਡੇ ਪਿਆਰ ਦੀ ਮਾਤ੍ਰਾ ਤੋਂ ਲਗਦਾ ਹੈ ।

ਮਲਾਕੀ 3:8-11 ਦਾਣ ਦੇਨ ਬਾਰੇ, ਪ੍ਰਭੂ ਨੇ ਕਿਹਾ:
ਕੀ ਕੋਈ ਆਦਮੀ ਪਰਮੇਸ਼ੁਰ ਨੂੰ ਠਗੇਗਾ ? ਪਰ ਤੁਸਾਂ ਮੈਨੂੰ ਠਗ ਲਿੱਆ ਅਤੇ ਤੁਸੀਂ ਆਖਦੇ ਹੋ, ਕਿਹੜੀ ਗੱਲ ਵਿੱਚ ਅਸਾਂ ਤੈਨੂੰ ਠੱਗ ਲਿੱਆ ? ਦਸਵੰਧਾਂ ਅਤੇ ਭੇਟਾਂ ਵਿੱਚ ! ਤੁਸੀਂ ਸਰਾਪੀਆਂ ਦੇ ਸਰਾਪੀ ਹੋਏ ! ਤੁਸੀਂ ਮੈਨੂੰ ਠੱਗਦੇ ਹੋ, ਸਗੋਂ ਸਾਰੀ ਕੌਮ ਵੀ । **ਸਾਰੇ ਦਸਵੰਧ** ਮੇਰੇ ਮੋਦੀ ਖਾਨੇ ਵਿੱਚ ਲਿਆਓ ਤਾਂ ਜੋ ਮੇਰੇ ਭਵਨ ਵਿੱਚ ਭੋਜਨ ਹੋਵੇ ਅਤੇ ਉੱਸੇ ਨਾਲ **ਮੈਨੂੰ ਜਰਾ ਪਰਤਾਓ**, ਸੈਨਾਂ ਦਾ ਯਹੋਵਾਹ ਆਖਦਾ ਹੈ, **ਕੀ ਮੈਂ ਤੁਹਾਡੇ ਲਈ ਅਕਾਸ਼ ਦੀਆਂ ਖਿੜਕੀਆਂ ਖੋਲ੍ਹਦਾ ਹਾਂ ਕਿ ਨਹੀਂ ਭਈ ਤੁਹਾਡੇ ਲਈ ਬਰਕਤ ਵਰ੍ਹਾਵਾਂ ਏਥੋਂ ਤੀਕ ਕਿ ਉਹ ਦੇ ਲਈ ਥਾਂ ਨਾ ਹੋਵੇਗਾ** ।ਮੈਂ ਤੁਹਾਡੇ ਲਈ ਖਾਣ ਵਾਲੇ ਨੂੰ ਝਿੜਕਾਂਗਾ ਕਿ ਓਹ ਤੁਹਾਡੀ ਜ਼ਮੀਨ ਦੇ ਫਲਾਂ ਨੂੰ ਨਾਸ ਨਾ ਕਰੇ ਅਤੇ ਤੁਹਾਡੇ ਅੰਗੂਰ ਪੈਲੀ ਵਿੱਚ ਅਫਲ ਨਾ ਰਹਿ ਜਾਣ, ਸੈਨਾ ਦਾ ਯਹੋਵਾਹ ਆਖਦਾ ਹੈ ।

ਦਸਵੰਧ ਦਾ ਸਿਧਾਂਤ ਪੁਰਾਨੇ ਨਿਯਮ ਦੀ ਵਿਵੱਸਥਾ ਦਾ ਹਿੱਸਾ ਨਹੀਂ ਹੈ ।

- ਜਿਵੇਂ ਕੀ ਅਬਰਾਹਾਮ ਦੇ ਨਾਲ ਵਾਚਾ ਤੇ ਵਾਦੇ ਨੇਮ ਤੋਂ 400 ਸਾਲਾਂ ਤੋਂ ਪਹਿੱਲਾਂ ਦੇ ਸੀ, ਤੇ ਨੇਮ ਦਾ ਹਿੱਸਾ ਨਾ ਸੀ (ਗੱਲਾਤੀਆਂ 3:17), ਇੱਸੇ ਤਰਾਂ ਦਸਵੰਧ ਸੀ । ਅਤੇ ਇਹ ਆਗਿਆ ਅਜ ਲਈ ਵੀ ਹੈ ।
- ਅਬਰਾਹਾਮ ਨੇ ਮੱਲਕੀਸੀਦਕ ਨੂੰ ਦਸਵੰਧ ਦਿੱਤੇ (ਇਬਰਾਨੀਆਂ 7:1-2) ਸ਼ੁਕਰਗੁਜਾਰ ਦੇ ਖੁਸ਼ ਦਿਲੀ ਨਾਲ ।
- "ਅਬਰਾਹਾਮ ਸਬਨਾਂ ਦਾ ਪਿਤਾ ਹੈ ਜਿਹੜੇ ਵਿੱਸ਼ਵਾਸ ਕਰਦੇ ਨੇ" । ਰੋਮੀਆਂ 4:11
- ਨਵੇਂ ਨੇਮ ਦੇ ਵਿੱਸ਼ਵਾਸੀ ਲਈ, ਪੁਰਾਣਾ ਨੇਮ ਹੈ: " . . . ਨਸੀਹਤ ਦੇ ਲਈ ਹੋਈਆਂ, ਅਤੇ ਸਾਨੂੰ ਮਤ ਦੇਣ ਲਈ ਲਿੱਖੀਆਂ ਹੋਈਆਂ ਹਨ ਜਿਨ੍ਹਾਂ ਉਤੇ ਜੁਗਾਂ ਦੇ ਅੰਤ ਆਣ ਪਹੁੰਚੇ ਹਨ" । 1ਕੁਰਿੰਥੀਆਂ 10:11
- ਯਹੋਸ਼ੁਆ 6:17-19,24;  7:1, 11-13 ਕ੍ਰਿਪਾ ਪੜੋ ।

ਇਹ ਬਹੁਤ ਮਹਤਵ ਵਾਲਾ ਸਿਧਾਂਤ ਹੈ । ਇਹ ਇੱਸ ਦੀ ਸੱਚਿਆਈ ਦਰਸ਼ਾਉਂਦਾ ਹੈ:

ਕਹਾਉਤਾਂ 3:9-10
*ਆਪਣਾ ਮਾਲ ਅਤੇ ਆਪਣੀ ਸਾਰੀ ਪੈਦਾਵਾਰ ਦੇ **ਪਹਿਲੇ** ਫਲ ਨਾਲ ਯਹੋਵਾਹ ਦੀ ਮਹਿਮਾ ਕਰ, ਤਾਂ ਤੇਰੇ ਖਾਤੇ ਪੈਦਾਵਾਰ ਨਾਲ ਭਰੇ ਪੂਰੇ ਰਹਿਣਗੇ, ਅਤੇ ਤੇਰੇ ਦਾਖਾਂ ਦੇ ਵੇਲਣੇ ਨਵੇਂ ਰਸ ਨਾਲ ਛਲਕਣਗੇ ।*

1ਕੁਰਿੰਥੀਆਂ 4:2-3 ਫੇਰ ਇਥੇ ਮੁਖਤਿਆਰਾਂ ਵਿਚ ਇਹ ਚਾਹੀਦਾ ਹੈ ਜੋ ਓਹ ਮਾਤਬਰ ਹੋਣ ।

ਇੱਸ ਸੱਚਿਆਈ ਨੂੰ ਅਸੀਂ ਵੇਖਦੇ ਹਾਂ : ਮਤੀ 25:14-30: ਇੱਹ ਗੱਲ ਤਾਂ ਉੱਸ ਮਨੁੱਖ ਵਰਗੀ ਹੈ ਜਿਹ ਨੇ ਪਰਦੇਸ ਨੂੰ ਜਾਣ ਲਗਿਆਂ **ਆਂਪਣੇ ਚਾਕਰਾਂ** ਨੂੰ ਸਦ ਕੇ **ਆਪਣਾ ਮਾਲ ਉਨ੍ਹਾਂ ਨੂੰ ਸੌਂਪਿਆ** ।

- ਪ੍ਰਭੂ ਨੇ ਅਪਣਾ ਮਾਲ ਸਾਨੂੰ ਸੌਂਪਿਆ ਹੈ:
  ਉਤਪਤ 1:28; ਪਰਕਾਸ਼ ਦੀ ਪੋਥੀ 5:9 (ਉਸ ਦਾ ਅਨਮੌਲ ਮਾਲ)
- ਮੁਖਤਿਆਰੀ ਦਾ ਅਰਥ ਹੈ ਕਿ ਦੁੱਜਿਆਂ ਦੀ ਸੰਪਤੀ ਦਾ ਅਪਣੇ ਵਾਂਗ ਖਿਆਲ ਰਖਨਾਂ ।
  *1ਕੁਰਿੰਥੀਆਂ 4:7 ਤੇਰੇ ਕੋਲ ਕੀ ਹੈ ਜੋ ਪ੍ਰਭੂ ਨੇ ਤੇਨੂੰ ਨਹੀਂ ਦਿੱਤਾ? ਤੇ ਜੋ ਕੁਝ ਵੀ ਤੇਰੇ ਕੋਲ ਹੈ ਪ੍ਰਭੂ ਦਾ ਦਿੱਤਾ ਹੈ, ਫਿਰ ਕਿਉਂ ਅਭਿਮਾਨ ਕਰਨਾਂ ਜਿਵੇਂ ਸੱਬ ਕੁੱਝ ਤੂੰ ਆਪ ਹਾਸਿਲ ਕਿਤਾ ਹੋਵੇ ?*

(15) ਅਤੇ ਇਕ ਨੂੰ ਪੰਜ ਤੋੜੇ, ਦੂਏ ਨੂੰ ਦੋ ਅਤੇ ਤੀਏ ਨੂੰ ਇਕ, ਹਰੇਕ ਨੂੰ ਉਹ ਦੇ ਗੁਣ ਦੇ ਅਨੁਸਾਰ ਦਿਤਾ ਤਾਂ ਪਰਦੇਸ ਨੂੰ ਚਲਿਆ ਗਿਆ ।

- ਉੱਸ ਦੇ ਨੋਕਰ ਮੁੱਖਤਿਆਰੀ ਦੇ ਗੁਣਾ ਵਿੱਚ ਬਰਾਬਰ ਨਾ ਸੀ । ਕੁੱਝ ਦੁਜਿਆਂ ਨਾਲੋਂ ਜਿਆਦਾ ਗੁਣੀ ਤੇ ਤਜਰਬੇਕਾਰ ਸਣ
- ਤੋੜਾ, ਉਨ੍ਹਾਂ ਦਿਨਾਂ ਵਿੱਚ 50,000 ਰੁਪਈਏ ਸੀ । ਉੱਸ ਦੀ ਖਰਿਦਣ ਦੀ ਅੱਜ ਦੇ ਦਿਨਾਂ ਵਿੱਚ ਸ਼ਮਤਾ 1,00,00,000 ਰੁਪਈਏ ਹੋਣਗੇ ।

(16) ਜਿਹ ਨੇ ਪੰਜ ਤੋੜੇ ਲਏ ਸਨ ਉਹ ਨੇ ਝੱਟ ਜਾਕੇ ਉਨ੍ਹਾਂ ਨਾਲ ਬਣਜ ਬੁਪਾਰ ਕੀਤਾ ਅਤੇ **ਹੋਰ ਪੰਜ** ਤੋੜੇ **ਕਮਾਏ** । (17) ਇਸੇ ਤਰਾਂ ਜਿਹ ਨੇ ਦੋ ਲਏਸ ਨ ਉਹ ਨੇ ਵੀ ਹੋਰ **ਦੋ ਖਟ ਲਏ** । (18) ਪਰ ਜਿਹ ਨੇ ਇਕੋ ਲਿਆ ਸੀ ਉਹ ਨੇ ਜਾਕੇ ਧਰਤੀ ਪੁਟੀ ਅਤੇ **ਆਪਣੇ ਮਾਲਕ ਦੇ ਰੁਪਿਆਂ ਨੂੰ ਲੁਕਾ ਦਿੱਤਾ** ।

(19) ਬਹੁਤ ਚਿੱਰ ਪਿੱਛੋਂ ਉਨ੍ਹਾਂ ਚਾਕਰਾਂ ਦਾ ਮਾਲਕ ਆਇਆ ਅਤੇ ਉਨ੍ਹਾਂ ਤੋਂ **ਲੇਖਾ ਲੈਣ** ਲਗਾ ।

- 1ਕੁਰਿੰਥੀਆਂ 3:8-15; 9: 16-27

(20) ਸੋ ਜਿਹ ਨੇ ਪੰਜ ਤੋੜੇ ਲਏ ਸਨ ਉਹ ਨੇ ਕੋਲ ਆਣ ਕੇ ਹੋਰ ਪੰਜ ਤੋੜੇ ਉਹ ਦੇ ਅਗੇ ਰਖੇ ਅਤੇ ਕਿਹਾ, ਸੁਆਮੀ ਜੀ ਤੁਸਾਂ ਮੈਨੂੰ ਪੰਜ ਤੋੜੇ ਸੌਂਪੇ ਸਨ । ਵੇਖੋ ਮੈਂ ਪੰਜ ਤੋੜੇ ਹੋਰ ਭੀ ਖਟੇ । (21) ਉਹ ਦੇ ਮਾਲਕ ਨੇ ਉੱਸ ਨੂੰ ਕਿਹਾ, ਹੇ ਚੰਗੇ ਅਤੇ ਮਾਤਬਰ ਚਾਕਰ ਸ਼ਾਬਾਸ਼ੇ ! ਤੂੰ ਤਾਂ ਥੋੜੇ ਜਿਹੇ ਵਿੱਚ ਮਾਤਬਰ ਨਿੱਕਲਿਆ, ਮੈਂ ਤੈਨੂੰ ਬਹੁਤ ਸਾਰੇ ਉਤੇ ਇੱਖਤਿਆਰ ਦਿਆਂਗਾ । ਤੂੰ ਆਪਣੇ ਮਾਲਕ ਦੀ ਖੁਸ਼ੀ ਵਿੱਚ ਦਾਖਿਲ ਹੋ ।

(22) ਅਤੇ ਜਿਹ ਨੇ ਦੋ ਤੋੜੇ ਲਏ ਸਨ ਉਹ ਵੀ ਕੋਲ ਆਣ ਕੇ ਬੋਲਿਆ, ਸੁਆਮੀ ਜੀ ਤੁਸਾਂ ਮੈਨੂੰ ਦੋ ਤੋੜੇ ਸੌਂਪੇ ਸਨ । ਵੇਖੋ ਮੈਂ ਦੋ ਤੋੜੇ ਹੋਰ ਭੀ ਖਟੇ । (23) ਉਹ ਦੇ ਮਾਲਕ ਨੇ ਉੱਸ ਨੂੰ ਕਿਹਾ, ਹੇ ਚੰਗੇ ਅਤੇ ਮਾਤਬਰ ਚਾਕਰ ਸ਼ਾਬਾਸ਼ੇ ! ਤੂੰ ਥੋੜੇ ਜਿਹੇ ਵਿੱਚ ਮਾਤਬਰ ਨਿਕਲਿਆ, ਮੈਂ ਤੈਨੂੰ ਬਹੁਤ ਸਾਰੇ ਉਤੇ ਇੱਖਤਿਆਰ ਦਿਆਂਗਾ । ਤੂੰ ਆਪਣੇ ਮਾਲਕ ਦੀ ਖੁਸ਼ੀ ਵਿੱਚ ਦਾਖਿਲ ਹੋ ।

(24) ਫੇਰ ਜਿਹ ਨੇ ਇੱਕ ਤੋੜਾ ਲਿਆ ਸੀ ਉਹ ਵੀ  ਕੋਲ ਆਣ ਕੇ ਬੋਲਿਆ, ਸੁਆਮੀ ਜੀ ਮੈਂ ਤੁਹਾਨੂੰ ਜਾਣਿਆ ਜੋ ਤੁਸੀਂ ਕਰੜੇ ਆਦਮੀ ਹੋ ਕਿ ਜਿਥੇ ਤੁਸੀਂ ਹੀਂ ਬੀਜਿਆ ਉਥੋਂ ਵਡਦੇ ਹੋ ਅਰ ਜਿਥੇ ਨਹੀਂ ਖਿੰਡਾਇਆ ਉਥੋਂ ਇੱਕਠਾ ਕਰਦੇ ਹੋ । (25) ਸੋ **ਮੈਂ ਡਰਿਆ** ਅਤੇ ਜਾ ਕੇ ਤੁਹਾਡੇ ਤੋੜੇ ਨੂੰ ਧਰਤੀ ਵਿੱਚ **ਲੁਕਾ ਦਿਤਾ** । ੲਹ ਆਪਣਾ ਲੈ ਲਓ ।

(26) ਉੱਸ ਦੇ ਮਾਲਕ ਨੇ ਉੱਸ ਨੂੰ ਉਤਰ ਦਿੱਤਾ, ਓਏ ਦੁਸ਼ਟ ਅਤੇ ਆਲਸੀ ਚਾਕਰ ! ਕੀ ਤੈਂ ਜਾਣਿਆ ਭਈ ਜਿਥੇ ਮੈਂ ਨਹੀਂ ਬੀਜਿਆ ਉਥੋਂ ਵਢਦਾ ਹਾਂ ਅਰ ਜਿਥੇ ਮੈਨ ਨਹੀਂ ਖਿੰਡਾਇਆ ਉਥੋਂ ਇੱਕਠਾ ਕਰਦਾ ਹਾਂ ? (27) ਇਸੇ ਲਈ ਤੈਨੂੰ ਚਾਹੀਦਾ ਸੀ ਜੋ ਮੇਰੇ ਰਪਏ ਸਰਾਫਾਂ ਨੂੰ ਦਿੰਦਾ ਤਾਂ ਮੈਂ ਆਣ ਕੇ ਆਪਣਾ **ਮਾਲ ਬਿਆਜ ਸੁਧਾ ਲੈਂਦਾ** । (28) ਸੋ ਉਹ ਤੋੜਾ **ਉੱਸ ਕੋਲੋਂ ਲੈ ਲਓ** ਅਤੇ ਜਿਹ ਦੇ ਕੋਲ ਦਸ ਤੋੜੇ ਹਨ ਉਹ ਨੂੰ ਦਿਓ ।

(29) ਕਿਉਂਕਿ ਜਿਸ ਕਿਸੇ ਕੋਲ ਕੁਝ ਹੈ ਉਹ ਨੂੰ ਦਿੱਤਾ ਜਾਵੇਗਾ ਅਤੇ ਉਹ ਦਾ ਵਾਧਾ ਹੋਵੇਗਾ ਪਰ ਜਿਹ ਦੇ ਕੋਲ ਨਹੀਂ ਉੱਸ ਕੋਲੋਂ ਜੋ ਉਹ ਦਾ ਹੈ ਸੋ ਵੀ ਫੇਰ ਲਿਆ ਜਾਵੇਗਾ ।(30) ਇੱਸ ਨਿਕੰਮੇ ਚਾਕਰ ਨੂੰ ਬਾਹਰ ਦੇ ਅੰਧਘੋਰ ਵਿੱਚ ਕੱਢ ਦਿਓ । ਉਥੇ ਰੋਣਾ ਅਤੇ ਕਚੀਚੀਆਂ ਵੱਟਣਾ ਹੋਵੇਗਾ ॥

ਇੱਸ ਦੁਸ਼ਟਾਂਤ ਦੀ ਸਮਾਪਤੀ ਇੱਸ ਵਿੱਵਾਦ ਨਾਲ ਹੁੰਦਿ ਹੈ ਕੀ ਅਸੀਂ ਅਪਣੇ ਤੋੜਿਆਂ ਦੇ ਨਾਲ ਜੋ ਸਾਨੂੰ ਦਿੱਤੇ ਗਏ ਹਣ ਕੀ ਕਰਦੇ ਹਾਂ, ਅਤੇ ਇੱਹ ਉਨ੍ਹਾਂ ਹੀ ਵੱਧਕੇ ਗੰਭੀਰ ਮਸਲਾ ਹੈ ਉੱਸ ਸਚਿਆਈ ਲਈ ਜੋ ਹਰੇਕ ਮਨੁੱਖ ਨੂੰ ਇਕ ਸਚੇ ਪਰਮੇਸ਼ੁਰ ਬਾਰੇ ਦਿਤੀ ਗਈ ਹੈ ।
(ਰੋਮੀਆਂ 1:18-23).

ਗਲਾਤੀਆਂ 6:6-10
*ਪਰ ਜਿਹੜਾ ਬਾਣੀ ਦੀ ਸਿੱਖਿਆ ਲੈਂਦਾ ਹੈ ਉਹ ਸਿਖਾਉਣ ਵਾਲੇ ਨੂੰ **ਸਾਰਿਆਂ ਪਦਾਰਥਾਂ ਵਿੱਚ ਸਾਂਝੀ ਕਰੇ** । (7) ਤੁਸੀਂ ਧੋਖਾ ਨਾ ਖਾਓ, ਪਰਮੇਸ਼ੁਰ ਠੱਠਿਆਂ ਵਿੱਚ ਨਹੀਂ ਉਡਾਈਦਾ ਕਿਉਂਕਿ **ਮਨੁੱਖ ਜੋ ਕੁਝ ਬੀਜਦਾ ਹੈ ਸੁਈਓ ਵੱਢੇਗਾ ਭੀ** । (8) ਜਿਹੜਾ ਆਪਣੇ ਸਰੀਰ ਲਈ ਬੀਜਦਾ ਹੈ ਉਹ ਸਰੀਰੋਂ ਬਿਨਾਸ ਨੂੰ ਵੱਢੇਗਾ ਅਤੇ ਜਿਹੜਾ ਆਤਮਾ ਲਈ ਬੀਜਦਾ ਹੈ ਉਹ ਆਤਮਾ ਤੋਂ ਸਦੀਪਕ ਜੀਵਨ ਨੂੰ ਵੱਢੇਗਾ ।(9) ਅਤੇ ਭਲਿਆਈ ਕਰਦਿਆਂ ਅਸੀਂ ਅੱਕ ਨਾਂ ਜਾਈਏ ਕਿਉਂਕਿ ਜੇ ਹੌਸਲਾ ਨਾ ਹਾਰੀਏ ਤਾਂ **ਵੇਲੇ ਸਿਰ ਵੱਢਾਂਗੇ** । (10) ਉਪਰੰਤ ਜਿਵੇਂ ਸਾਨੂੰ ਮੌਕਾ ਮਿਲੇ ਅਸੀਂ ਸਭਨਾਂ ਨਾਲ ਭਲਾ ਕਰੀਏ ਪਰ ਨਿਜ ਕਰਕੇ ਨਿਹਚਾਵਾਨਾਂ ਦੇ ਨਾਲ ।*

- ਜੋ ਵੀ ਤੁਸੀਂ ਬੀਜਦੇ ਹੋ ਸੋ ਹੀ ਤੁਸੀਂ ਵੱਢੋਗੇ ( ਕ੍ਰੋਧ, ਸ਼ਮਾ ਨਾ ਕਰਨਾ, ਪ੍ਰੇਮ, ਪੈਸਾ ) ।
- ਜੇ ਤੁਸੀਂ ਨਾ ਬੀਜੋ ਤਾਂ ਤੁਸੀਂ ਵਢੋਗੇ ਨਹੀਂ

ਮੈਂ ਕਿਸੇ ਨੂੰ ਪੁੱਛਿਆ ਕੀ ਉੱਸ ਦਾ ਕੰਮ ਕਿਵੇਂ ਚੱਲ ਰਿਹਾ ਹੈ। ਉਨ੍ਹਾਂ ਨੇ ਜਵਾਬ ਦਿੱਤਾ, " ਮੇਰੇ ਦਸ਼ਵਾਂਸ ਤੇ ਭੇਂਟਾਂ ਮੈਂ ਜਮੀਨ ਵਿੱਚ ਪਾ ਦਿੱਤੇ" । ਮਤਲਬ, ਉਨ੍ਹਾਂ ਪ੍ਰਭੂ ਤੇ ਉੱਸ ਦੇ ਕੰਮ ਲਈ ਪੈਸਾ ਦੇ ਦਿਤਾ, ਉਨ੍ਹਾਂ ਦਾ ਬੀਜ ਬੀਜਿਆ ਗਿਆ, ਜਮੀਨ ਵਿੱਚ, ਅਤੇ ਉਹ ਸ਼ਕਸ ਜਾਨਦਾ ਸੀ ਕੀ ਆਸ਼ੀਸਾਂ ਆ ਰਹਿਆਂ ਹਣ । ਜਬਰਦੱਸਤ ਵਿੱਸ਼ਵਾਸ ।

ਯੂਹੰਨਾ 12:24 ਮੈਂ ਤੁਹਾਨੂੰ ਸੱਚ ਸੱਚ ਆਦਾ ਹਾਂ ਜੋ ਕਣਕ ਦਾ ਦਾਣਾ ਜੇ ਜ਼ਮਨਿ ਵਿੱਚ ਪੈ ਕੇ ਨਾ ਮਰੇ ਤਾਂ ਉਹ ਇਕੱਲਾ ਹੀ ਰਹਿੰਦਾ ਹੈ ਪਰ ਜੇ ਮਰੇ ਤਾਂ ਬਹੁਤ ਸਾਰਾ ਫਲ ਦਿੰਦਾ ।

- ਬੀਜ ਬੀਜਿਆ ਜਾਨਾ ਚਹਿਦਾ ਹੈ । ਜਮੀਨ ਵਿੱਚ ਪਾ ਦੇਨਾ - ਸਾਡੇ ਹਥਾਂ ਵਸੀਲੇ - ਸਾਡੀ ਪਹੁੰਚ ਤੋਂ ਪਰੇ - ਹੁਣ ਸਾਡੇ ਕਬਜ਼ੇ ਚ ਨਹੀਂ ਕੀ ਓਂਸ ਨਾਲ ਕੀ ਹੋਵੇਗਾ - ਉੱਸ ਨੂੰ ਕਿਨਾ ਸਮਾ ਲੱਗੇਗਾ - ਪਰ ਵਾਈਦਾ ਹੈ “ਉੱਸ ਨੂੰ ਬਹੁਤ ਫਲ ਲਗੇਗਾ” ।

ਲੂਕਾ 8:5-8
ਕਿ ਇੱਕ ਬੀਜਣ ਵਾਲਾ ਬੀ ਬੀਜਣ ਨੂੰ ਨਿੱਕਲਿਆ ਅਰ ਉਹ ਦੇ ਬੀਜਦਿਆਂ ਕੁਝ ਪਹੇ ਵੱਲ ਜਾ ਪਿਆ ਅਤੇ ਮਿੱਧਿਆ ਗਿਆ ਅਤੇ ਅਕਾਸ਼ ਦੇ ਪੰਛੀ ਉਹ ਨੂੰ ਚੁਗ ਗਏ । (6) ਅਰ ਹੋਰ ਪੱਥਰ ਉੱਤੇ ਕਿਰਿਆ ਸੋ ਉੱਗਦਿਆਂ ਹੀ ਸੁੱਕ ਗਿਆ ਇਸ ਲਈ ਜੋ ਉਹ ਨੂੰ ਗਿੱਲ ਨਾ ਪਹੁੰਚੀ ।(7) ਅਤੇ ਹੋਰ ਕੰਡਿਆਲਿਆਂ ਵਿੱਚ ਕਿਰਿਆ ਅਤੇ ਕੰਡਿਆਲਿਆਂ ਨੇ ਨਾਲ ਹੀ ਵਧ ਕੇ ਉਹ ਨੂੰ ਦਬਾ ਲਿਆ । (8) ਅਰ ਹੋਰ ਚੰਗੀ ਜਮੀਨ ਵਿੱਚ ਕਿਰਿਆ ਅਤੇ ਉੱਗ ਕੇ ਸੌ ਗੁਣਾ ਫਲਿਆ । ਉਹ ਇਹ ਗੱਲਾਂ ਕਹਿ ਕੇ ਉੱਚੀ ਉੱਚੀ ਬੋਲਿਆ ਭਈ ਜਿਹ ਦੇ ਸੁਣਨ ਦੇ ਕੰਨ ਹੋਣ ਸੋ ਸੁਣੇ !

- ਹਰ ਬੀਜਿਆ ਬੀਜ ਫਸਲ ਨਹੀਂ ਦੇਵੇਗਾ
- ਸਾਨੂੰ ਬੜਾ ਸਾਵਧਾਣ ਹੋਣਾ ਹੈ ਕੀ ਅਸੀਂ ਬੀਜ ਕਿੱਥੇ ਬੀਜਦੇ ਹਾਂ ਜਾਂ ਦੇਨਾ ਜਾਂ ਅਪਨਾ ਪੈਸਾ ਖਰਚਨਾ ।
- ਜੇ ਤੁਸੀ ਚਾਹੁੰਦੇ ਹੋ ਕੀ ਪ੍ਰਭੂ ਤੁਹਾਡੇ ਬੀਜ ਨੂੰ ਆਸ਼ੀਸ ਦੇਵੇ ਤੇ ਵਧਾਵੇ ਤਾਂ ਫਿਰ ਤੁਹਾਨੂੰ ਉਥੇ ਦੇਨਾ ਚਾਹਿਦਾ ਹੈ ਜਿਥੇ ਤੁਹਾਡਾ ਮਾਲਿਕ ਅਗੁਵਾਈ ਕਰੇ ।ਅਸੀਂ ਉੱਸ ਦੇ ਕੇਵਲ ਵਫਾਦਾਰ, ਆਗਿਆਕਾਰੀ ਭੰਡਾਰੀ ਹਾਂ ।

2 ਕੁਰਿੰਥੀਆਂ 9:7-15
ਹਰੇਕ ਜਿਵੇਂ ਉਹ ਨੇ ਦਿਲ ਵਿੱਚ ਧਾਰਿਆ ਹੈ ਤਿਵੇਂ ਕਰੇ, ਰੰਜ ਨਾਲ ਅਥਵਾ ਲਚਾਰੀ ਨਾਲ ਨਹੀਂ ਕਿਉਂ ਜੋ ਪਰਮੇਸ਼ੁਰ ਖੁਸ਼ੀ ਨਾਲ ਦੇਣ ਵਾਲੇ ਨੂੰ ਪਿਆਰ ਕਰਦਾ ਹੈ ।

- ਇਹ ਤੁਹਾਡਾ ਫੈਸਲਾ ਹੈ ਕੀ ਤੁਸੀਂ ਕਿਨਾ ਦੇਵੋਗੇ
- ਤੁਹਾਨੂੰ ਦੇਨਾ ਚਾਹਿਦਾ ਹੈ ਕਿਉਂਕੀ ਤੁਸੀਂ ਪ੍ਰਭੂ ਯਿਸੂ ਨਾਲ ਪ੍ਰੇਮ ਕਰਦੇ ਹੋ ਅਤੇ ਜੋ ਉੱਸ ਨੇ ਤੁਹਾਡੇ ਲਈ ਕਿਤਾ ਹੈ ।
- ਅਤੇ ਜਦੋਂ ਤੁਸੀਂ ਇਸ ਰੀਤੀ ਨਾਲ ਦੇਂਦੇ ਹੋ . . .

(8) ਅਤੇ ਪਰਮੇਸ਼ੁਰ ਤੁਹਾਡੇ ਉੱਤੇ ਸਾਰੀ ਕਿਰਪਾ ਬਹੁਤੀ ਕਰ ਸੱਕਦਾ ਹੈ ਭਈ ਹਰ ਪਰਕਾਰ ਨਾਲ ਸਦਾ ਸਭ ਕੁਝ ਤੁਹਾਡੇ ਕੋਲ ਹੋਵੇ ਕਿ ਹਰ ਸ਼ੁਭ ਕਰਮ ਲਈ ਤੁਹਾਡੇ ਕੋਲ ਵਾਫ਼ਰ ਭੀ ਹੋਵੇ । (9) ਜਿਵੇਂ ਲਿਖਿਆ ਹੋਇਆ ਹੈ,

“ਉਹ ਨੇ ਖਿੰਡਾਇਆ, ਕੰਗਾਲਾਂ ਨੂੰ ਦਿੱਤਾ
ਅੁਹ ਦਾ ਧਰਮ ਸਦਾ ਤੀਕ ਬਣੀਆ ਰਹਿੰਦਾ ਹੈ”।

(10) ਅਤੇ ਜਿਹੜਾ ਬੀਜਣ ਵਾਲੇ ਨੂੰ ਬੀ ਅਰ ਖਾਣ ਲਈ ਰੋਟੀ ਦਿੰਦਾ ਹੈ ਉਹ ਤੁਹਾਨੂੰ ਬੀਜਣ ਲਈ ਬੀ ਦੇਵੇਗਾ ਅਤੇ ਉਹ ਦਾ
ਵਾਧਾ ਕਰੇਗਾ ਅਤੇ ਤੁਹਾਡੇ ਧਰਮ ਦੇ ਫਲ ਨੂੰ ਵਧਾਵੇਗਾ । (11) ਜੋ ਤੁਸੀਂ ਸਭਨਾਂ ਗੱਲਾਂ ਵਿੱਚ ਹਰ ਪਰਕਾਰ ਦੀ ਸਖਾਵਤ ਲਈ
ਧਨੀ ਹੋ ਜਾਓ ਜਿਹੜੀ ਸਾਡੇ ਰਾਹੀਂ ਪਰਮੇਸ਼ੁਰ ਦੇ ਧੰਨਵਾਦ ਲਈ ਗੁਣਕਾਰੀ ਹੈ । (12) ਕਿਉਂ ਜੋ ਇਸ ਸੇਵਕਾਈ ਦਾ ਪੁੰਨ ਨਾ
ਕੇਵਲ ਸੰਤਾਂ ਦੀਆਂ ਥੁੜਾਂ ਨੂੰ ਪੂਰਿਆਂ ਕਰਦਾ ਸਗੋਂ ਪਰਮੇਸ਼ੁਰ ਦਿਆਂ ਬਹੁਤਿਆਂ ਧੰਨਵਾਦਾਂ ਦੇ ਰਾਹੀਂ ਵਧਦਾ ਭੀ ਜਾਂਦਾ ਹੈ । (13)
ਕਿਉਂ ਜੋ ਤੁਹਾਡੀ ਇਸ ਸੇਵਕਾਈ ਦਾ ਪਰਮਾਣ ਪਾ ਕੇ ਓਹ ਇਸ ਲਈ ਪਰਮੇਸ਼ੁਰ ਦੀ ਵਡਿਆਈ ਕਰਦੇ ਹਨ ਭਈ ਤੁਸੀਂ ਮਸੀਹ
ਦੀ ਖੁਸ ਖਬਰੀ ਦੇ ਕਰਾਰ ਵਿੱਚ ਅਧੀਨ ਹੋ ਅਤੇ ਉਨ੍ਹਾਂ ਲਈ ਸਗੋਂ ਸਭਨਾਂ ਲਈ ਦਾਨ ਸਖਾਵਤ ਨਾਲ ਦਿੰਦੇ ਹੋ । (14) ਅਤੇ ਓਹ
ਆਪ ਤੁਹਾਡੇ ਲਈ ਬੇਨਤੀ ਕਰਦਿਆਂ ਪਰਮੇਸ਼ੁਰ ਦੀ ਅੱਤ ਕਿਰਪਾ ਦੇ ਕਾਰਨ ਜਿਹੜੀ ਤੁਹਾਡੇ ਉੱਤੇ ਹੋਈ ਹੈ ਤੁਹਾਨੂੰ ਬਹੁਤੇ ਲੋਚਦੇ
ਹਨ । (15) ਧੰਨਵਾਦ ਹੈ ਪਰਮੇਸ਼ੁਰ ਦਾ ਉਹ ਦੇ ਉਸ ਦਾਨ ਲਈ ਜਿਹੜਾ ਕਹਿਣ ਤੋਂ ਬਾਹਰ ਹੈ ।

ਲੂਕਾ 6:38

**ਦਿਓ,** ਤਾਂ **ਤੁਹਾਨੂੰ ਦਿੱਤਾ ਜਾਵੇਗਾ,** ਪੂਰਾ ਮੇਪ ਦੱਬ ਦੱਬ ਕੇ ਹਿਲਾ ਹਿਲਾ ਕੇ ਅਤੇ ਡੁਲ੍ਹਦਾ ਹੋਇਆ ਤੁਹਾਡੇ ਪੱਲੇ ਪਾਉਣਗੇ ਕਿਉਂਕਿ **ਜਿਸ ਮੇਪ ਨਾਲ ਤੁਸੀਂ ਮਿਣਦੇ ਹੋ ਉਸੇ ਨਾਲ ਤੁਹਾਡੇ ਲਈ ਮੁੜ ਮਿਣਆ ਜਾਵੇਗਾ** ।

ਸਾਡਾ ਪਿਤਾ ਦੇਣ ਵਾਲਾ ਹੈ (ਯੂਹੰਨਾ 3:16) ਅਸੀਂ ਉੱਸ ਦੇ ਬਚੇ ਹਾਂ, ਸਾਨੂੰ ਉਸ ਸਮਾਨ ਬਣਨਾ ਚਾਹਿਦਾ ਹੈ । ਸਾਨੂੰ ਦੇਣ ਵਾਲੇ ਬਣਨਾ ਚਾਹਿਦਾ ਹੈ ।

ਦੇਣਾ ਖਿੜਕਿਆਂ ਨੂੰ ਖੋਲਣ ਦੀ ਉਹ 'ਚਾਬੀ' ਹੈ ਜਿਹੜੀ ਸਵਰਗਿਏ ਬਰਕਤਾਂ ਨੂੰ ਸਾਡੇ ਉੱਤੇ ਡੋਲ ਦਿੰਦੀ ਹੈ ।

ਤੁਹਾਡੇ ਕੋਲ ਭਵਿੱਖ ਵਿੱਚ ਤੁਹਾਡੀ ਤਰਕਿਆਂ ਦੀ ਚਾਬੀ ਹੈ ।

ਸਮਾਪਤੀ